ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਜਨਤਕ ਥਾਵਾਂ ਉਤੇ ਮਾਸਕ ਪਹਿਨਣਾ ਲਾਜ਼ਮੀ ਕਰਾਰ-ਡਿਪਟੀ ਕਮਿਸ਼ਨਰ**

**ਸਿਹਤ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ**

ਅੰਮ੍ਰਿਤਸਰ, 11 ਅਪ੍ਰੈਲ ( )-

ਨੋਵਲ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਜਨਤਕ ਥਾਵਾਂ ਉਤੇ ਲੋਕਾਂ ਨੂੰ ਮਾਸਕ ਪਹਿਨਣਾ ਲਾਜਮੀ ਕਰ ਦਿੱਤਾ ਹੈ ਅਤੇ ਇਸ ਸਬੰਧ ਵਿਚ ਸਿਹਤ ਵਿਭਾਗ ਵੱਲੋਂ ਇਕ ਨੋਟੀਫਿਕੇਸ਼ਨ ਵੀ ਜਾਰੀ ਕੀਤੀ ਗਈ ਹੈ। ਉਕਤ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਦੱਸਿਆ ਕਿ ਜੇਕਰ ਕੋਈ ਕਿਸੇ ਦਫਤਰੀ ਕੰਮ ਜਾਂ ਕਿਸੇ ਹੋਰ ਜਰੂਰੀ ਕੰਮ ਲਈ ਘਰੋਂ ਬਾਹਰ ਨਿਕਲਦਾ ਹੈ, ਤਾਂ ਉਹ ਕਪੜੇ ਜਾਂ ਤਿੰਨ ਲੇਅਰਾਂ ਵਾਲਾ ਮਾਸਕ ਲਾਜ਼ਮੀ ਤੌਰ ਉਤੇ ਪਹਿਨੇਗਾ। ਇਸ ਦੀ ਉਲੰਘਣਾ ਕਰਨ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਭਾਵੇਂ ਕਿਸੇ ਕੋਲ ਕਰਫਿਊ ਪਾਸ ਹੈ ਜਾਂ ਕੋਈ ਨੌਕਰੀ ਉਤੇ ਬੈਠਾ ਹੈ, ਉਸ ਨੂੰ ਮਾਸਕ ਪਾਉਣਾ ਜ਼ਰੂਰੀ ਹੈ।

ਡਿਪਟੀ ਕਮਿਸ਼ਨਰ ਨੇ ਕਰਫਿਊ ਦੌਰਾਨ ਘਰਾਂ ਵਿਚ ਬੈਠੇ ਸਾਰੇ ਵਿਅਕਤੀਆਂ ਦਾ ਧੰਨਵਾਦ ਕਰਦੇ ਕਿਹਾ ਕਿ ਇਹ ਗੈਰ ਜ਼ਿੰਮੇਵਾਰੀ ਦਾ ਸਮਾਂ ਨਹੀਂ। ਸਰਕਾਰ ਨੇ ਜਿਹੜੇ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਸਾਵਧਾਨੀਆਂ ਜਾਰੀ ਕੀਤੀਆਂ ਹਨ, ਉਸ ਨੂੰ ਮੰਨਣਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਨਾਂ ਕਿਹਾ ਕਿ ਹਸਪਤਾਲਾਂ, ਦਫਤਰਾਂ, ਉਦਯੋਗਾਂ ਜਾਂ ਹੋਰ ਥਾਵਾਂ 'ਤੇ ਕੰਮ ਕਰਦੇ ਅਤੇ ਆਪਣੇ ਸਾਧਨ 'ਤੇ ਸਫਰ ਕਰਦੇ ਹੋਏ ਵੀ ਮਾਸਕ ਨੂੰ ਪਹਿਨਣਾ ਜ਼ਰੂਰੀ ਹੈ। ਉਨਾਂ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਹਾਲਤ ਵਿਚ ਮਾਸਕ ਉਪਲਬੱਧ ਨਹੀਂ ਹੁੰਦਾ ਤਾਂ ਰੁਮਾਲ ਜਾਂ ਸਕਾਫ ਆਦਿ ਨਾਲ ਮੂੰਹ ਢੱਕਣ ਲਈ ਵਰਤੋਂ ਕੀਤੀ ਜਾ ਸਕਦੀ ਹੈ। ਉਨਾਂ ਪੰਜਾਬ ਵਾਸੀਆਂ ਨੂੰ ਸਿਹਤ ਵਿਭਾਗ ਵੱਲੋਂ ਜਾਰੀ ਨਿਯਮ ਅਤੇ ਸਮਾਜਿਕ ਦੂਰੀ ਦੀ ਪਾਲਣਾ ਕਰਨ ਲਈ ਵੀ ਹਦਾਇਤ ਕੀਤੀ। ਉਹਨਾਂ ਵਿਸ਼ਵਾਸ ਦਵਾਇਆ ਕਿ ਪੰਜਾਬ ਸਰਕਾਰ ਵੱਲੋਂ ਇਸ ਮਾਰੂ ਵਾਇਰਸ ਨਾਲ ਲੜਨ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਹਨਾਂ ਕਿਹਾ ਕਿ ਘਰਾਂ ਵਿਚ ਰਹਿ ਕੇ ਅਤੇ ਇਸ ਦੀ ਲੜੀ ਨੂੰ ਤੋੜ ਕੇ ਇਸ ਵਾਇਰਸ ਵਿਰੁਧ ਜੰਗ ਜਿਤੀ ਜਾ ਸਕਦੀ ਹੈ ਜੋ ਇਕ ਇਸ ਦਾ ਇਕ ਮਾਤਰ ਸਾਧਨ ਹੈ।

=========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਲਾਭਪਾਤਰੀਆਂ ਨੂੰ ਕਣਕ ਅਤੇ ਦਾਲਾਂ ਦੀ ਵੰਡ ਛੇਤੀ ਹੋਵੇਗੀ ਸ਼ੁਰੂ-ਜਿਲਾ ਖੁਰਾਕ ਸਪਲਾਈ ਕੰਟਰੋਲਰ**

ਅੰਮ੍ਰਿਤਸਰ, 11 ਅਪ੍ਰੈਲ ( )-

ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਅੰਨਤੋਦਿਆ ਅੰਨ ਯੋਜਨਾ (ਏ.ਏ.ਵਾਈ.) ਅਤੇ ਪਰੀਓਰਿਟੀ ਹਾਊਸ ਹੋਲਡ (ਪੀ.ਐਚ.ਐਚ.) ਨੂੰ ਕਣਕ ਅਤੇ ਦਾਲਾਂ ਦੀ ਵੰਡ ਛੇਤੀ ਹੀ ਸ਼ੁਰੂ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ 19 ਕਾਰਨ ਪੈਦਾ ਹੋਏ ਆਰਥਿਕ ਸੰਕਟ ਦੇ ਕਾਰਨ ਗਰੀਬ ਲੋਕਾਂ ਨੂੰ ਪੇਸ਼ ਆ ਰਹੀ ਦਿੱਕਤ ਨੂੰ ਦੂਰ ਕਰਨ ਲਈ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ (ਅਪ੍ਰੈਲ 2020 ਤੋਂ ਜੂਨ 2020 ਤੱਕ) ਪੰਜ ਕਿਲੋ ਅਨਾਜ ਮੁਫ਼ਤ ਮੁਹੱਈਆ ਕਰਵਾਉਣ ਦਾ ਫੈਸਲਾ ਲਿਆ ਗਿਆ ਸੀ, ਜਿਸ ਤਹਿਤ ਅੰਨਤੋਦਿਆ ਅੰਨ ਯੋਜਨਾ ਅਤੇ ਪਰੀਓਰਿਟੀ ਹਾਊਸ ਹੋਲਡ ਜ਼ੋ ਕਿ ਟਾਰਗੇਟਡ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਅਧੀਨ ਮਿਲਣ ਵਾਲੀ ਕਣਕ ਤੋਂ ਇਲਾਵਾ ਉਕਤ ਸਕੀਮਾਂ ਦੇ ਲਾਭਪਾਤਰੀਆਂ ਨੂੰ ਵਾਧੂ ਤੌਰ ਉਤੇ ਦਿੱਤੀ ਜਾਵੇਗੀ।

ਉਨਾਂ ਹੋਰ ਜਾਣਕਾਰੀ ਦਿੰਦਿਆ ਦੱਸਿਆ ਕਿ ਕਣਕ ਤੋਂ ਇਲਾਵਾ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਇਕ ਕਿਲੋ ਦਾਲ ਵੀ ਅਗਲੇ ਤਿੰਨ ਮਹੀਨਿਆਂ ਲਈ ਮੁਫ਼ਤ ਵਿੱਚ ਮੁਹੱਈਆ ਕਰਵਾਈ ਜਾਵੇਗੀ । ਉਨਾਂ ਦੱਸਿਆ ਕਿ ਨੇਫ਼ਡ ਤੋਂ ਦਾਲ ਦੀ ਸਪਲਾਈ ਮਿਲਣ ਤੋਂ ਤਰੁੰਤ ਬਾਅਦ ਇਸ ਦੀ ਵੰਡ ਸ਼ੁਰੂ ਕਰ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਯੋਜਨਾ ਅਧੀਨ 1,41,44,291 ਲਾਭਪਾਤਰੀਆਂ ਨੂੰ ਕਣਕ ਅਤੇ ਦਾਲ ਦੀ ਵੰਡ ਕਰੇਗੀ, ਜੋ ਕਿ ਸੂਬੇ ਦੀ ਅਬਾਦੀ ਦਾ 50 ਫੀਸਦੀ ਬਣਦਾ ਹੈ। ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਵੰਡ ਦੌਰਾਨ ਲਾਭਪਾਤਰੀਆਂ ਦੀ ਪਹਿਚਾਣ ਕਰਨ ਲਈ ਵਰਤੀ ਜਾਂਦੀ ਬਾਇਓਕਮੀਟ੍ਰਿਕ ਪ੍ਰਣਾਲੀ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ ਤਾਂ ਜੋ ਕਰੋਨਾ ਬੀਮਾਰੀ ਦੇ ਵਾਇਰਸ ਅੱਗੇ ਨਾਲ ਫੈਲੇ।ਉਨਾਂ ਦੱਸਿਆ ਕਿ ਸਰਕਾਰ ਨੇ ਸੂਬੇ ਦੇ ਕੌਮੀ ਖੁਰਾਕ ਸੁਰੱਖਿਆ ਐਕਟ ਅਧੀਨ ਅਕਤੂਬਰ 2019 ਤੋਂ ਮਾਰਚ 2020 ਤੱਕ ਲਈ ਕਣਕ ਦੀ ਵੰਡ ਲਗਭਗ ਮੁਕੰਮਲ ਕੀਤੀ ਜਾ ਚੁੱਕੀ ਹੈ।

========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਦਾਣਾ ਮੰਡੀਆਂ 'ਚ ਟਰਾਲੀਆਂ ਨੂੰ ਹੋਲੋਗ੍ਰਾਮ ਵਾਲੇ ਕੂਪਨ ਤੋਂ ਬਿਨਾਂ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ-ਡਿਪਟੀ ਕਮਿਸ਼ਨਰ**

**-ਸਾਰੀਆਂ ਮੰਡੀਆਂ ਨੂੰ ਸੈਨੇਟਾਈਜ਼ ਕਰਵਾਉਣ ਦੇ ਹੁਕਮ**

ਅੰਮ੍ਰਿਤਸਰ, 11 ਅਪਰੈਲ ( )-

ਜ਼ਿਲਾ ਪ੍ਰਸ਼ਾਸਨ ਨੇ ਕੋਵਿਡ-30 ਰੋਕਥਾਮ ਦੇ ਮੱਦੇਨਜ਼ਰ ਜ਼ਿਲੇ ਵਿਚ ਕਣਕ ਦੀਆਂ 56 ਮੰਡੀਆਂ ਨੂੰ ਆਰਜ਼ੀ ਤੌਰ 'ਤੇ ਖਰੀਦ ਕੇਂਦਰਾਂ ਵਜੋਂ ਮਾਨਤਾ ਦੇ ਦਿੱਤੀ ਹੈ ਅਤੇ ਸਬ ਡਵੀਜ਼ਨਲ ਮੈਜਿਸਟ੍ਰੇਟਾਂ ਨੂੰ ਆਪੋ-ਆਪਣੇ ਖੇਤਰਾਂ 'ਚ ਪੈਂਦੀਆਂ ਮੰਡੀਆਂ ਦੇ ਸਮੂਹ ਪ੍ਰਬੰਧਾਂ ਦੇ ਇੰਚਾਰਜ ਲਾਇਆ ਗਿਆ ਹੈ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਜ਼ਿਲੇ 'ਚ ਸਾਰੇ ਖਰੀਦ ਕੇਂਦਰਾਂ ਨੂੰ ਸੋਡੀਅਮ ਹਾਈਪ੍ਰੋਕਲੋਰਾਇਟ ਨਾਲ ਸੈਨੇਟਾਈਜ਼ ਕਰਵਾਉਣ ਦੇ ਆਦੇਸ਼ ਦਿੰਦੇ ਕਿਹਾ ਕਿ ਮੰਡੀਆਂ ਵਿਚ ਜਿੱਥੇ ਹੱਥ ਧੋਣ ਲਈ ਸਾਬਣ ਤੇ ਪਾਣੀ ਦਾ ਢੁੱਕਵਾਂ ਪ੍ਰਬੰਧ ਹੋਵੇ, ਉਥੇ ਲੋਕਾਂ ਦੀ ਆਪਸੀ ਦੂਰੀ ਨੂੰ ਬਣਾਈ ਰੱਖਿਆ ਜਾਵੇ। ਉਨਾਂ ਸਪੱਸ਼ਟ ਕੀਤਾ ਕਿ ਖਰੀਦ ਨੂੰ ਕੋਵਿਡ 19 ਦੀਆਂ ਸਾਵਧਾਨੀਆਂ ਪੂਰੀ ਕਰਦੇ ਹੋਏ ਕੀਤਾ ਜਾਵੇ ਅਤੇ ਮੰਡੀ ਬੋਰਡ ਵੱਲੋਂ ਦਿੱਤੇ ਕੂਪਨ ਤੋਂ ਬਿਨਾਂ ਟਰਾਲੀ ਨੂੰ ਮੰਡੀ ਵਿਚ ਦਾਖਲ ਨਾ ਹੋਣ ਦਿੱਤਾ ਜਾਵੇ।

ਜ਼ਿਲਾ ਮੰਡੀ ਅਧਿਕਾਰੀ ਸ. ਜਸਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਜ਼ਿਲੇ ਦੇ ਖਰੀਦ ਕੇਂਦਰਾਂ 'ਚ ਪੈਰਾਂ ਨਾਲ ਚੱਲਣ ਵਾਲੇ ਪਾਣੀ ਅਤੇ ਸੋਪ ਡਿਸਪੈਂਸਰਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਜਿਮੀਂਦਾਰਾਂ ਨੂੰ ਮੰਡੀਆਂ 'ਚ ਆਉਣ ਵਾਸਤੇ ਮਾਰਕੀਟ ਕਮੇਟੀਆਂ ਰਾਹੀਂ ਆੜਤੀਆਂ ਨੂੰ ਪਿਛਲੇ ਸਾਲ ਦੀ ਫ਼ਸਲ ਦੀ ਆਮਦ ਦੇ ਹਿਸਾਬ ਨਾਲ ਹੋਲੋਗ੍ਰਾਮ ਵਾਲੇ ਕੂਪਨ ਵੰਡੇ ਜਾ ਰਹੇ ਹਨ ਅਤੇ ਇੱਕ ਕੂਪਨ 50 ਕੁਇੰਟਲ ਤੱਕ ਦੀ ਆਮਦ ਲਈ ਹੀ ਮਨਜ਼ੂਰ ਹੋਵੇਗਾ। ਇੱਕ ਟ੍ਰਾਲੀ 'ਤੇ ਕੇਵਲ ਇੱਕ ਟ੍ਰੈਕਟਰ ਚਾਲਕ ਨੂੰ ਹੀ ਮੰਡੀ 'ਚ ਆਉਣ ਲਈ ਆਗਿਆ ਮਿਲੇਗੀ। ਉਨਾਂ ਦੱਸਿਆ ਕਿ ਬਿਨਾਂ ਕੂਪਨ ਤੋਂ ਟਰਾਲੀ ਨੂੰ ਮੰਡੀ ਵਿਚ ਆਉਣ ਦੀ ਆਗਿਆ ਨਹੀਂ ਹੋਵੇਗੀ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਆੜ•ਤੀ ਲਈ ਆਪਣੀ ਲੇਬਰ ਦਾ ਬੁਖਾਰ, ਖੰਘ, ਜ਼ੁਕਾਮ ਰੋਜ਼ਾਨਾ ਦੇਖਣਾ ਵੀ ਲਾਜ਼ਮੀ ਹੋਵੇਗਾ ਤਾਂ ਜੋ ਕੋਈ ਮੁਸ਼ਕਿਲ ਆਉਣ 'ਤੇ ਤੁਰੰਤ ਨੇੜਲੇ ਸਰਕਾਰੀ ਹਸਪਤਾਲ 'ਚ ਸੰਪਰਕ ਕਰ ਸਕਣ। ਆੜਤੀ ਆਪਣੀ ਲੇਬਰ ਲਈ ਹੈਂਡ ਸੈਨੇਟਾਈਜ਼ਰ ਅਤੇ ਮਾਸਕ ਦਾ ਪ੍ਰਬੰਧ ਕਰਨ ਤੋਂ ਇਲਾਵਾ ਡੇਢ ਤੋਂ 2 ਮੀਟਰ ਦਾ ਫ਼ਾਸਲਾ ਕਰਵਾਉਣ ਦੇ ਜ਼ਿੰਮੇਂਵਾਰ ਵੀ ਹੋਣਗੇ।

ਖਰੀਦ ਏਜੰਸੀਆਂ ਦੇ ਜ਼ਿਲਾ ਮੈਨੇਜਰਾਂ ਲਈ ਖਰੀਦੀ ਗਈ ਜਿਣਸ ਦੀ 48 ਘੰਟੇ 'ਚ ਚੁਕਾਈ ਕਰਵਾਉਣਾ, ਚੁਕਾਈ ਲਈ ਲਗਾਈ ਲੇਬਰ ਦੀ ਸਿਹਤ ਦਾ ਖਿਆਲ ਰੱਖਣਾ ਤੇ ਉਨਾਂ ਦਾ ਰਿਕਾਰਡ ਰੱਖਣਾ, ਉਨਾਂ 'ਚ ਉਚਿਤ ਫ਼ਾਸਲਾ ਰੱਖਣਾ ਲਾਜ਼ਮੀ ਕੀਤਾ ਗਿਆ ਹੈ।

ਜ਼ਿਲੇ 'ਚ ਕੰਬਾਈਨ ਚਾਲਕ/ਖੇਤ ਮਾਲਕ ਨੂੰ ਖੇਤ 'ਚ ਘੱਟ ਤੋਂ ਘੱਟ ਬੰਦਿਆਂ ਦੇ ਕੰਮ ਕਰਨ, ਉਨਾਂ ਲਈ ਮਾਸਕ ਤੇ ਹੱਥ ਧੋਣ ਲਈ ਸਾਬਣ ਤੇ ਪਾਣੀ ਦਾ ਪ੍ਰਬੰਧ ਕਰਨ, ਉਚਿੱਤ ਫ਼ਾਸਲਾ ਰੱਖਣ ਜਿਹੇ ਪ੍ਰੋਟੋਕਾਲ ਦੀ ਪਾਲਣਾ ਵੀ ਜ਼ਰੂਰੀ ਕਰਨੀ ਹੋਵੇਗੀ।

============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਸ਼ੱਕੀ ਮਰੀਜ਼ਾਂ ਦੀ ਭਾਲ ਲਈ ਸੰਵੇਦਨਸ਼ੀਲ ਇਲਾਕਿਆਂ ਦੀ ਸਕਰੀਨਿੰਗ ਕੱਲ ਤੋਂ ਹੋਵੇਗੀ ਸ਼ੁਰੂ**

**50 ਟੀਮਾਂ ਵੱਲੋਂ ਘਰ-ਘਰ ਜੇ ਕੇ ਕੀਤੀ ਜਾਵੇਗੀ ਸਿਹਤ ਦੀ ਜਾਂਚ**

ਅੰਮ੍ਰਿਤਸਰ, 11 ਅਪ੍ਰੈਲ ( )-

ਅੰਮ੍ਰਿਤਸਰ ਸ਼ਹਿਰ ਵਿਚੋਂ ਕੋਰੋਨਾ ਵਾਇਰਸ ਦੇ ਖਾਤਮੇ ਲਈ ਜਿਲਾ ਪ੍ਰਸ਼ਾਸਨ ਨੇ ਸ਼ਹਿਰ ਦੇ ਉਹ ਇਲਾਕੇ, ਜੋ ਕੋਰੋਨਾ ਦੇ ਫੈਲਾਅ ਸਬੰਧੀ ਸੰਵੇਦਨਸ਼ੀਲ ਸਮਝੇ ਜਾਂਦੇ ਹਨ, ਵਿਚ ਟੀਮਾਂ ਭੇਜ ਕੇ ਸ਼ਹਿਰ ਵਾਸੀਆਂ ਦੀ ਸਿਹਤ ਦੀ ਜਾਂਚ ਕਰਵਾਉਣ ਦੀ ਮੁੱਢਲੀ ਤਿਆਰੀ ਕਰ ਲਈ ਹੈ ਅਤੇ ਕੱਲ• ਤੋਂ ਇਹ ਟੀਮਾਂ ਘਰਾਂ ਵਿਚ ਜਾ ਕੇ ਹਰੇਕ ਵਾਸੀ ਦੀ ਸਿਹਤ ਦਾ ਪਤਾ ਲਗਾਉਣਗੀਆਂ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਦੀ ਪਹਿਲ ਉਤੇ ਅੱਜ ਰੈਡ ਕਰਾਸ ਵੱਲੋਂ ਇਸ ਜਾਂਚ ਲਈ ਪਹਿਲੇ ਪੜਾਅ ਵਿਚ ਚੁਣੇ ਗਏ ਇਲਾਕਿਆਂ ਲਈ ਜਾਣ ਵਾਲੀਆਂ 50 ਟੀਮਾਂ ਨੂੰ ਜਾਂਚ ਵਿਚ ਵਰਤੋਂ ਆਉਣ ਵਾਲਾ ਜ਼ਰੂਰੀ ਸਮਾਨ, ਜਿਸ ਵਿਚ ਮਾਸਕ, ਦਸਤਾਨੇ, ਸੈਨੇਟਾਇਜ਼ਰ ਅਤੇ ਪੀ. ਪੀ. ਈ. ਕਿੱਟਾਂ ਸ਼ਾਮਿਲ ਸਨ, ਦੇ ਦਿੱਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਹਿਮਾਸ਼ੂੰ ਅਗਰਵਾਲ ਨੇ ਟੀਮਾਂ ਨੂੰ ਸਮਾਨ ਸੁਪਰਦ ਕਰਦੇ ਵਕਤ ਕਿਹਾ ਕਿ ਸਮੁੱਚਾ ਜਿਲਾ ਪ੍ਰਸ਼ਾਸਨ, ਪੁਲਿਸ, ਸਿਹਤ ਵਿਭਾਗ ਅਤੇ ਮਿਉਂਸੀਪਲ ਕਾਰਪੋਰੇਸ਼ਨ ਤੁਹਾਡੇ ਨਾਲ ਹਨ ਅਤੇ ਤੁਹਾਡੇ ਵੱਲੋਂ ਸੱਚੇ ਦਿਲੋਂ ਅਤੇ ਨੇਕ ਨੀਅਤ ਨਾਲ ਕੀਤਾ ਗਿਆ ਇਹ ਕੰਮ ਸ਼ਹਿਰ ਵਿਚੋਂ ਕੋਰੋਨਾ ਦਾ ਫੈਲਾਅ ਰੋਕ ਦੇਵੇਗਾ।

ਸ੍ਰੀ ਹਿਮਾਸ਼ੂੰ ਨੇ ਕਿਹਾ ਕਿ ਸਭ ਤੋਂ ਪਹਿਲੇ ਗੇੜ ਵਿਚ ਅਸੀਂ ਕਾਂਗੜਾ ਕਾਲੋਨੀ, ਅਮਰਕੋਟ, ਸੁੰਦਰ ਨਗਰ, ਅੰਤਰਯਾਮੀ ਕਾਲੋਨੀ, ਗੋਲਡਨ ਐਵੀਨਿਊ ਦੇ ਇਲਾਕੇ ਦੀ ਚੋਣ ਕੀਤੀ ਹੈ ਅਤੇ ਇਨਾਂ ਕਾਲੋਨੀਆਂ ਵਿਚ ਪੈਂਦੇ ਲਗਭਗ 11000 ਘਰਾਂ ਦਾ ਸਰਵੈ ਤਿੰਨ ਦਿਨਾ ਵਿਚ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਨਾਂ ਕਿਹਾ ਕਿ ਉਕਤ ਇਲਾਕੇ ਦੇ ਹਰੇਕ ਵਾਸੀ ਦੀ ਸਿਹਤ ਦੀ ਜਾਂਚ ਕਰਨ ਦੇ ਨਾਲ-ਨਾਲ ਉਨਾਂ ਦੀ ਟਰੈਵਲ ਹਿਸਟਰੀ ਜਾਂ ਉਹ ਇਨਾਂ ਦਿਨਾਂ ਦੌਰਾਨ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿਚ ਤਾਂ ਨਹੀਂ ਆਏ, ਦਾ ਪਤਾ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕਿਧਰੇ ਸ਼ੱਕੀ ਮਰੀਜ਼ ਮਿਲਦਾ ਹੈ ਤਾਂ ਤੁਰੰਤ ਰੈਪਿਡ ਐਕਸ਼ਨ ਟੀਮ ਉਥੇ ਜਾ ਕੇ ਮਰੀਜ਼ ਨੂੰ ਟੈਸਟ ਲਈ ਲੈ ਜਾਵੇਗੀ ਅਤੇ ਉਸ ਪਰਿਵਾਰ ਨੂੰ ਦੂਸਰੇ ਘਰਾਂ ਨਾਲੋਂ ਵੱਖ ਰਹਿਣ ਲਈ ਹਦਾਇਤ ਕਰ ਦਿੱਤੀ ਜਾਵੇਗੀ।

ਉਨਾਂ ਕਿਹਾ ਕਿ ਇਸ ਸਰਵੈ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਇਸ ਨਾਲ ਕੋਰੋਨਾ ਪੀੜਤ ਵਿਅਕਤੀ ਦਾ ਇਲਾਜ ਬਿਮਾਰੀ ਦੇ ਪਹਿਲੇ ਪੜਾਅ ਵਿਚ ਹੀ ਹੋ ਜਾਵੇਗਾ ਅਤੇ ਦੂਸਰਾ ਬਿਮਾਰੀ ਨੂੰ ਅੱਗੇ ਫੈਲਣ ਦਾ ਮੌਕਾ ਨਹੀਂ ਮਿਲੇਗਾ। ਉਨਾਂ ਕਿਹਾ ਕਿ ਇਸ ਤੋਂ ਬਾਅਦ ਸ਼ਹਿਰ ਦੇ ਹੋਰ ਇਲਾਕੇ ਜਿੱਥੇ ਪਹਿਲਾਂ ਸਰਵੈ ਦੀ ਲੋੜ ਮਹਿਸੂਸ ਹੋਵੇਗੀ, ਵਿਖੇ ਟੀਮਾਂ ਭੇਜੀਆਂ ਜਾਣਗੀਆਂ ਅਤੇ ਇਹ ਕੰਮ ਵਾਇਰਸ ਦੇ ਖਾਤਮੇ ਤੱਕ ਜਾਰੀ ਰਹੇਗਾ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਸ੍ਰੀਮਤੀ ਕੋਮਲ ਮਿੱਤਲ, ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ, ਸ. ਅੰਕੁਰਜੀਤ ਸਿੰਘ ਸਹਾਇਕ ਕਮਿਸ਼ਨਰ ਵੀ ਹਾਜ਼ਰ ਸਨ।

ਕੈਪਸ਼ਨ

ਰੈਡ ਕਰਾਸ ਵਿਖੇ ਟੀਮਾਂ ਨੂੰ ਜ਼ਰੂਰੀ ਸਮਾਨ ਸੌਂਪਦੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਹਿਮਾਸ਼ੂੰ ਅਗਰਵਾਲ। ਨਾਲ ਹਨ ਸ੍ਰੀਮਤੀ ਕੋਮਲ ਮਿੱਤਲ ਤੇ ਹੋਰ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕਾਰਪੋਰੇਸ਼ਨ ਦੀਆਂ ਟੀਮਾਂ ਵੱਲੋਂ ਸ਼ਹਿਰ ਵਿਚ ਰਸਾਇਣ ਦੀ ਸਪਰੇਅ ਦਾ ਕੰਮ ਜਾਰੀ**

**ਲੋਕਾਂ ਵੱਲੋਂ ਸਫਾਈ ਸੇਵਕਾਂ ਤੇ ਸਪਰੇਅ ਟੀਮਾਂ ਨੂੰ ਕੀਤਾ ਜਾ ਰਿਹੈ ਸਨਮਾਨਿਤ**

ਅੰਮ੍ਰਿਤਸਰ, 11 ਅਪ੍ਰੈਲ (          )-

ਸ਼ਹਿਰ ਵਾਸੀਆਂ ਨੂੰ ਕੋਰੋਨਾ ਵਾਇਰਸ ਦੀ ਬਿਮਾਰੀ ਤੋਂ ਬਚਾਈ ਰੱਖਣ ਲਈ ਮੇਅਰ ਸ. ਕਰਮਜੀਤ ਸਿੰਘ ਰਿੰਟੂ ਦੇ ਯਤਨਾਂ ਸਦਕਾ ਸ਼ਹਿਰ ਵਿਚ ਲਗਾਤਾਰ ਸੈਨੇਟਾਈਜ਼ਰ ਦਾ ਛਿੜਕਾਅ ਕੀਤਾ ਜਾ ਰਿਹਾ ਹੈ। ਸ਼ਹਿਰ ਦੀਆਂ ਸਾਰੀਆਂ 85 ਵਾਰਡਾਂ ਵਿਚ 2-2 ਕਰਮਚਾਰੀ ਛੋਟੀਆਂ ਗਲੀਆਂ ਵਿਚ ਜਾ ਕੇ ਘਰਾਂ ਦੇ ਮੁੱਖ ਦਰਵਾਜਿਆਂ ਤੱਕ ਹਾਈਪੋ ਕਲੋਰਾਈਡ ਦੀ ਸਪਰੇਅ ਕਰ ਰਹੇ ਹਨ। ਮੇਅਰ ਸ. ਰਿੰਟੂ ਨੇ ਦੱਸਿਆ ਕਿ ਅਸੀਂ ਹਰ ਘਰ ਦੇ ਦਰਵਾਜੇ ਤੱਕ ਰਸਾਇਣ ਦਾ ਸਪਰੇਅ ਕਰਨ ਦਾ ਕੰਮ ਪੂਰਾ ਕਰਨ ਵਾਲੇ ਹਨ, ਜਿਸ ਨਾਲ ਸਾਰੀਆਂ ਜਨਤਕ ਥਾਵਾਂ ਦੀ ਵਾਇਰਸ ਤੋਂ ਸਫਾਈ ਹੋ ਜਾਵੇਗੀ।

ਜਿੱਥੇ ਇੰਨਾਂ ਕਰਮਚਾਰੀਆਂ ਵੱਲੋਂ ਕੀਤੀ ਮਿਹਨਤ ਉਤੇ ਮਿਉਂਸੀਪਲ ਕਾਰਪੋਰੇਸ਼ਨ ਦੇ ਅਧਿਕਾਰੀ ਖੁਸ਼ੀ ਅਤੇ ਤਸੱਲੀ ਦੇ ਆਲਮ ਵਿਚ ਹਨ, ਉਥੇ ਸ਼ਹਿਰ ਵਾਸੀ ਵੀ ਕਰਮਚਾਰੀਆਂ ਦੀ ਇਸ ਸੇਵਾ ਤੋਂ ਢਿਡੋਂ ਖੁਸ਼ ਹਨ। ਸ਼ਹਿਰ ਵਾਸੀ ਆਪਣੀ ਖੁਸ਼ੀ ਦਾ ਪ੍ਰਗਟਾਵਾ ਅਕਸਰ ਇੰਨਾਂ ਕਰਮਚਾਰੀਆਂ ਨੂੰ ਸਨਮਾਨਿਤ ਕਰਨ ਦੀ ਖੁਸ਼ੀ ਲੈ ਕੇ ਕਰ ਰਹੇ ਹਨ। ਪੁਲਿਸ, ਗੈਰ ਸਰਕਾਰੀ ਸੰਸਥਾਵਾਂ ਤੇ ਸ਼ਹਿਰ ਦੇ ਮੋਹਤਬਰਾਂ ਤੋਂ ਇਲਾਵਾ ਆਮ ਆਦਮੀ ਵੀ ਕਾਰਪੋਰੇਸ਼ਨ ਦੇ ਇੰਨਾਂ ਕਰਮਚਾਰੀਆਂ ਵੱਲੋਂ ਲੋੜ ਦੇ ਦਿਨਾਂ ਵਿਚ ਕੀਤੀ ਜਾ ਰਹੀ ਇਸ ਡਿਊਟੀ ਤੋਂ ਖੁਸ਼ ਹਨ। ਅੱਜ ਜਦੋਂ ਰਾਮਤੀਰਥ ਰੋਡ ਉਤੇ ਇਲਾਕੇ ਵਿਚ ਟੀਮਾਂ ਸਪਰੇਅ ਕਰ ਰਹੀਆਂ ਸਨ, ਤਾਂ ਸਮਾਜ ਸੇਵੀ ਸ੍ਰੀ ਪਵਨ ਦ੍ਰਾਵਿੜ ਨੇ ਇਨਾਂ ਕਰਮਚਾਰੀਆਂ ਨੂੰ ਨੋਟਾਂ ਦੇ ਹਾਰਾਂ ਨਾਲ ਸਨਮਾਨ ਦਿੱਤਾ। ਉਨਾਂ ਕਿਹਾ ਕਿ ਇਨਾਂ ਲੋਕਾਂ ਵੱਲੋਂ ਕੀਤੀ ਜਾ ਰਹੀ ਸੇਵਾ ਕਾਰਨ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇਗਾ ਜਿਸ ਨਾਲ ਜਿੰਦਗੀ ਆਮ ਵਾਂਗ ਹੋ ਸਕੇਗੀ ਅਤੇ ਲੋਕ ਬਿਨਾਂ ਕਿਸੇ ਡਰ ਦੇ ਆਪਣੇ ਕੰਮ-ਧੰਦਿਆਂ ਉਤੇ ਜਾ ਸਕਣਗੇ।

ਕੈਪਸ਼ਨ

ਰਾਣੀ ਕਾ ਬਾਗ ਇਲਾਕੇ ਵਿਚ ਸਪਰੇਅ ਕਰਦੇ ਕਰਮਚਾਰੀ ਅਤੇ ਨਾਲ ਸਪਰੇਅ ਕਰਨ ਵਾਲੇ ਕਰਮਚਾਰੀਆਂ ਨੂੰ ਨੋਟਾਂ ਦੇ ਹਾਰ ਪਾ ਕੇ ਸਨਮਾਨਿਤ ਕਰਦੇ ਸ੍ਰੀ ਪਵਨ ਦ੍ਰਾਵਿੜ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਹਜ਼ਾਰ ਤੋਂ ਵੱਧ ਲੋਕ ਰੋਜ਼ਾਨਾ ਲੈ ਰਹੇ ਹਨ ਜਿਲਾ ਕੰਟਰੋਲ ਰੂਮ ਤੋਂ ਸਹਾਇਤਾ**

**ਦਵਾਈਆਂ, ਰਾਸ਼ਨ, ਕਰਫਿਊ ਪਾਸ ਆਦਿ ਦੀ ਹੁੰਦੀ ਹੈ ਮੰਗ**

**ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂੰ ਅਗਰਵਾਲ ਨੇ ਅੱਜ ਆਪ ਸੁਣੀਆਂ ਸ਼ਿਕਾਇਤਾਂ**

ਅੰਮ੍ਰਿਤਸਰ, 11 ਅਪ੍ਰੈਲ (                )-

ਕਰਫਿਊ ਦੇ ਦਿਨ ਤੋਂ ਹੀ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਵੱਲੋਂ ਜਿਲੇ ਵਿਚ ਲੋਕਾਂ ਦੀਆਂ ਮੁਸ਼ਿਕਲਾਂ ਸੁਣਨ ਤੇ ਉਨਾਂ ਦਾ ਹੱਲ ਕਰਨ ਲਈ ਬਣਾਏ ਗਏ ਕੰਟਰੋਲ ਰੂਮ ਵਿਚ ਅਜੇ ਵੀ ਹਜ਼ਾਰ ਤੋਂ ਵੱਧ ਲੋਕ ਫੋਨ ਕਰਕੇ ਸਹਾਇਤਾ ਪ੍ਰਾਪਤ ਕਰ ਰਹੇ ਹਨ। ਕੰਟਰੋਲ ਰੂਮ 24 ਘੰਟੇ ਤਿੰਨ ਸਿਫਟਾਂ ਵਿਚ ਚੱਲਦਾ ਹੈ ਅਤੇ ਇਕ ਸਮੇਂ 5 ਕਰਮਚਾਰੀ ਇੱਥੇ ਆਏ ਫੋਨ ਸੁਣਦੇ ਤੇ ਉਨਾਂ ਦਾ ਨਿਪਟਾਰਾ ਕਰਦੇ ਹਨ। ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਇਸ ਦੇ ਨੋਡਲ ਅਧਿਕਾਰੀ ਵਜੋਂ ਕੰਮ ਕਰਦੇ ਹਨ, ਪਰ ਰੋਜ਼ਾਨਾ ਵੱਖ-ਵੱਖ ਅਧਿਕਾਰੀਆਂ ਦੀ ਡਿਊਟੀ ਵੀ ਇੱਥੇ ਲਗਾਈ ਜਾਂਦੀ ਹੈ। ਅੱਜ ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਇਸ ਕੰਟਰੋਲ ਰੂਮ ਵਿਚ ਬੈਠ ਕੇ ਲੋਕਾਂ ਦੇ ਫੋਨ ਸੁਣਦੇ ਰਹੇ।

ਉਨਾਂ ਦੱਸਿਆ ਕਿ ਸਾਡੇ ਕੋਲ ਆਉਂਦੇ ਬਹੁਤੇ ਫੋਨ ਰਾਸ਼ਨ, ਦਵਾਈਆਂ, ਕਰਫਿਊ ਪਾਸ ਤੇ ਹੋਰ ਨਿਤ ਲੋੜੀਦੀਆਂ ਵਸਤਾਂ ਬਾਰੇ ਆਉਂਦੇ ਹਨ। ਇੱਥੇ ਆਇਆ ਹਰੇਕ ਫੋਨ ਰਜਿਸਟਰ ਉਤੇ ਦਰਜ ਕੀਤਾ ਜਾਂਦਾ ਹੈ ਅਤੇ ਅੱਗੋਂ ਇਸ ਫੋਨ ਉਤੇ ਪ੍ਰਾਪਤ ਹੋਈ ਕੰਮ ਨੂੰ ਸਬੰਧਤ ਇਲਾਕੇ ਦੇ ਐਸ ਡੀ ਐਮ ਨੂੰ ਭੇਜ ਦਿੱਤਾ ਜਾਂਦਾ ਹੈ, ਜੋ ਕਿ ਉਸ ਦੀ ਜ਼ਰੂਰਤ ਪੂਰੀ ਕਰਦੇ ਹਨ। ਡਾ. ਅਗਰਵਾਲ ਨੇ ਦੱਸਿਆ ਕਿ ਭਾਵੇਂ ਬਹੁਤੇ ਲੋੜਵੰਦ ਲੋਕ ਹੀ ਫੋਨ ਕਰਦੇ ਹਨ, ਪਰ ਕਈ ਵਾਰ ਅਜਿਹੇ ਲੋਕ ਵੀ ਰਾਸ਼ਨ ਆਦਿ ਲਈ ਫੋਨ ਕਰਦੇ ਹਨ, ਜੋ ਆਰਥਿਕ ਤੌਰ ਉਤੇ ਪੂਰੀ ਤਰਾਂ ਸਮਰੱਥ ਹੁੰਦੇ ਹਨ। ਉਨਾਂ ਕਿਹਾ ਕਿ ਇੰਨਾ ਕੇਸਾਂ ਵਿਚ ਵੀ ਸਾਨੂੰ ਪਤਾ ਉਦੋਂ ਹੀ ਲੱਗਦਾ ਹੈ ਜਦੋਂ ਐਸ ਡੀ ਐਮ ਦੀ ਟੀਮ ਮੌਕੇ ਉਤੇ ਪਹੁੰਚ ਜਾਂਦੀ ਹੈ। ਡਾ. ਅਗਰਵਾਲ ਨੇ ਅਪੀਲ ਕੀਤੀ ਕਿ ਇੱਥੋਂ ਰਾਸ਼ਨ ਆਦਿ ਦੀ ਲੋੜ ਕੇਵਲ ਉਸ ਵਿਅਕਤੀ ਦੀ ਹੀ ਪੂਰੀ ਕੀਤੀ ਜਾਂਦੀ ਹੈ, ਜਿਸ ਨੂੰ ਸਹੀ ਅਰਥਾਂ ਵਿਚ ਲੋੜ ਹੁੰਦੀ ਹੈ। ਉਨਾਂ ਕਿਹਾ ਕਿ ਜਿਨਾਂ ਲੋੜਵੰਦਾਂ ਨੂੰ ਪਹਿਲਾਂ ਹੀ ਸਰਕਾਰ ਜਾਂ ਐਨ.ਜੀ.ਓ. ਵਲੋਂ ਰਾਸ਼ਨ ਮੁਹੱਈਆ ਹੋ ਚੁੱਕਾ ਹੈ, ਉਹ ਫੋਨ ਨਾ ਕਰਨ। ਉਨਾਂ ਕਿਹਾ ਕਿ ਇਸ ਮੁਸ਼ਕਿਲ ਘੱੜੀ ਵਿੱਚ ਸਭ ਲੋਕਾਂ ਨੂੰ ਪ੍ਰਸ਼ਾਸ਼ਨ ਦਾ ਸਾਥ ਦੇਣਾ ਚਾਹੀਦਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਰਾਜ ਸਰਕਾਰ ਵੱਲੋਂ ਬਣਾਏ ਕੰਟਰੋਲ ਰੂਮ ਤੋਂ ਵੀ ਕਈ ਲੋੜਾਂ ਸਾਨੂੰ ਇੱਥੇ ਭੇਜੀਆਂ ਜਾਂਦੀਆਂ ਹਨ, ਜਿੰਨਾ ਦਾ ਹੱਲ 24 ਘੰਟੇ ਤੋਂ ਪਹਿਲਾਂ-ਪਹਿਲਾਂ ਕੀਤਾ ਜਾ ਰਿਹਾ ਹੈ। ਉਨਾਂ ਅਪੀਲ ਕੀਤੀ ਕਿ ਇਹ ਕੰਟਰੋਲ ਰੂਮ ਜਿਸ ਦੇ ਫੋਨ ਨੰਬਰ 0183-2500398, 2500498, 2500598, 2500698 ਅਤੇ 2500798 ਹਨ, ਤੁਹਾਡੀ ਸਹਾਇਤਾ ਲਈ ਕੰਮ ਕਰਦੇ ਹਨ, ਪਰ ਇੱਥੇ ਕੇਵਲ ਲੋੜਵੰਦ ਆਦਮੀ ਹੀ ਫੋਨ ਕਰੇ, ਤਾਂ ਕਿ ਸਾਡੀ ਟੀਮਾਂ ਦਾ ਸਮਾਂ ਬਰਬਾਦ ਨਾ ਹੋਵੇ। ਉਨਾਂ ਕਿਹਾ ਕਿ ਜਿਹੜੇ ਲੋਕ ਬਿਨਾਂ ਲੋੜ ਤੋਂ ਰਾਸ਼ਨ

ਲੈਣ ਲਈ ਫੋਨ ਕਰਦੇ ਹਨ ਉਨਾਂ ਤੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ।

ਇਸ ਮੌਕੇ ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਨੇ ਦੱਸਿਆ ਕਿ ਅੱਜ ਸਾਡੀਆਂ ਟੀਮਾਂ ਵੱਲੋਂ ਜਿਲੇ ਭਰ ਵਿਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਨਾਲ 85 ਹਜ਼ਾਰ ਲੋਕਾਂ ਨੂੰ ਲੰਗਰ ਅਤੇ 5500 ਲੋਕਾਂ ਨੂੰ ਸੁੱਕੇ ਰਾਸ਼ਨ ਵੰਡਿਆ ਗਿਆ ਹੈ।

ਕੈਪਸ਼ਨ

ਜ਼ਿਲਾ ਕੰਟਰੋਲ ਰੂਮ ਵਿਚ ਲੋਕਾਂ ਦੇ ਫੋਨ ਸੁਣਦੇ ਡਾ. ਹਿਮਾਂਸ਼ੂ ਅਗਰਵਾਲ ਵਧੀਕ ਡਿਪਟੀ ਕਮਿਸ਼ਨਰ।

============